# ਪੰਜਾਬੀ—210
## X (ਦਸਵੀਂ)
## (ਨਵੰਬਰ 2023)
# ਨਮੂਨੇ ਦਾ ਪ੍ਰਸ਼ਨ-ਪੱਤਰ

**Time Allowed 3 hrs** | **M.M. 100**

**ਸਮਾਂ 3 ਘੰਟੇ** | **ਕੁੱਲ ਅੰਕ 100**

### *ਆਮ ਨਿਰਦੇਸ਼*

**ਹੇਠ ਲਿਖੇ ਨਿਰਦੇਸ਼ ਨੂੰ ਧਿਆਨ ਨਾਲ਼ ਪੜ੍ਹੋ ਅਤੇ ਉਹਨਾਂ ਦਾ ਪਾਲਣ ਕਰੋ :**

* **ਸਾਰੇ ਪ੍ਰਸ਼ਨ ਲਾਜ਼ਮੀ ਹਨ। ਪ੍ਰਸ਼ਨਾਂ ਵਿੱਚ ਚੋਣ ਵੀ ਦਿੱਤੀ ਗਈ ਹੈ। ਉਸ ਨੂੰ ਧਿਆਨ ਨਾਲ਼ ਵੇਖ ਕੇ ਹੱਲ ਕੀਤਾ ਜਾਵੇ।**
* **ਉੱਤਰ ਨੂੰ ਧਿਆਨ ਨਾਲ਼ ਲਿਖਿਆ/ਉੱਤਰ-ਸ਼ੀਟ 'ਤੇ ਦਰਜ ਕੀਤਾ ਜਾਵੇ।**

ਪ੍ਰ.1. ਪੁੱਛੇ ਗਏ ਅਨੁਸਾਰ 17 ਪ੍ਰਸ਼ਨਾਂ ਵਿੱਚੋਂ *ਕੋਈ 13* ਪ੍ਰਸ਼ਨਾਂ ਦੇ ਉੱਤਰ ਲਿਖੋ— (1X13) **13**

1. ਕਿਸੇ ਜੀਵ, ਵਸਤੂ, ਭਾਵ, ਗੁਣ ਦੇ ਨਾਂ ਨੂੰ ਕੀ ਕਿਹਾ ਜਾਂਦਾ ਹੈ ?

   (**A**) ਨਾਂਵ (**B**) ਪੜਨਾਂਵ
   
   (**C**) ਵਿਸ਼ੇਸ਼ਣ (**D**) ਕਿਰਿਆ

2. ਨਾਂਵ ਦੀਆਂ ਕਿੰਨੀਆਂ ਕਿਸਮਾਂ ਹੁੰਦੀਆਂ ਹਨ ?

   (**A**) ਸੱਤ (**B**) ਦੱਸ
   
   (**C**) ਅੱਠ (**D**) ਪੰਜ

3. ਜਿਨ੍ਹਾਂ ਸ਼ਬਦਾਂ ਤੋਂ ਇਸਤਰੀ ਅਤੇ ਪੁਰਖ ਦੇ ਭੇਦ ਦਾ ਪਤਾ ਲਗਦਾ ਹੋਵੇ, ਉਨ੍ਹਾਂ ਨੂੰ ਕੀ ਕਿਹਾ ਜਾਂਦਾ ਹੈ ?

   (**A**) ਸੰਬੰਧਕ (**B**) ਲਿੰਗ
   
   (**C**) ਯੋਜਕ (**D**) ਮੁਹਾਵਰੇ

4. ਜਿਨ੍ਹਾਂ ਸ਼ਬਦਾਂ ਤੋਂ ਪੁਰਖ ਰੂਪ ਦਾ ਪਤਾ ਲੱਗੇ, ਉਨ੍ਹਾਂ ਨੂੰ ਕੀ ਕਿਹਾ ਜਾਂਦਾ ਹੈ ?

   (**A**) ਪੁਲਿੰਗ (**B**) ਇਸਤਰੀ ਲਿੰਗ
   
   (**C**) ਸ਼ਬਦ (**D**) ਉਪਰੋਕਤ ਸਾਰੇ

5. ਨਾਂਵ ਜਾਂ ਪੜਨਾਂਵ ਦੇ ਜਿਸ ਰੂਪ ਤੋਂ ਇੱਕ ਚੀਜ਼ ਦਾ ਗਿਆਨ ਹੋਵੇ ਉਸ ਨੂੰ ਕੀ ਕਹਿੰਦੇ ਹਨ ?

   (**A**) ਦੋ ਵਚਨ (**B**) ਇੱਕ ਵਚਨ
   
   (**C**) ਚਾਰ ਵਚਨ (**D**) ਪੰਜ ਵਚਨ

6. ਨਾਂਵ ਜਾਂ ਪੜਨਾਂਵ ਦੇ ਜਿਸ ਰੂਪ ਤੋਂ ਇੱਕ ਤੋਂ ਜ਼ਿਆਦਾ ਚੀਜ਼ਾਂ, ਦਾ ਗਿਆਨ ਹੋਵੇ ਉਸ ਨੂੰ ਕੀ ਕਹਿੰਦੇ ਹਨ?

   (**A**) ਇੱਕ ਵਚਨ (**B**) ਕਿਰਿਆ
   
   (**C**) ਤਿੰਨ ਵਚਨ (**D**) ਬਹੁ ਵਚਨ

7. ਨਾਂਵ ਜਾਂ ਪੜਨਾਂਵ ਦੇ ਜਿਨ੍ਹਾਂ ਰੂਪਾਂ ਰਾਹੀਂ ਉਨ੍ਹਾਂ ਦਾ ਆਪਸ ਵਿੱਚ ਜਾਂ ਵਾਕ ਦੇ ਬਾਕੀ ਸ਼ਬਦਾਂ ਨਾਲ ਸੰਬੰਧ ਦਾ ਪਤਾ ਲੱਗੇ ਉਸ ਨੂੰ ਕੀ ਕਹਿੰਦੇ ਹਨ ?

(**A**) ਕਾਰਕ (**B**) ਵਿਸ਼ੇਸ਼ਣ

(**C**) ਵਿਸਮਿਕ (**D**) ਉਪਰੋਕਤ ਸਾਰੇ

8. ਪੰਜਾਬੀ ਵਿੱਚ ਕਾਰਕ ਦੀਆਂ ਕਿੰਨੀਆਂ ਕਿਸਮਾਂ ਹਨ ?

(**A**) ਗਿਆਰਾਂ (**B**) ਦੱਸ

(**C**) ਸਤਾਰਾਂ (**D**) ਅੱਠ

9. ਵਾਕ ਵਿੱਚ ਨਾਂਵ ਤੇ ਪੜਨਾਂਵ ਦਾ ਵਾਕ ਦੇ ਦੂਜੇ/ਬਾਕੀ ਸ਼ਬਦਾਂ ਨਾਲ ਸੰਬੰਧ ਪ੍ਰਗਟ ਕਰਨ ਵਾਲੇ ਸ਼ਬਦ ਨੂੰ ਕੀ ਕਹਿੰਦੇ ਹਨ?

(**A**) ਸੰਬੰਧਕ (**B**) ਯੋਜਕ

(**C**) ਕਿਰਿਆ (**D**) ਕਾਰਕ

10. ਸੰਬੰਧਕ ਸ਼ਬਦ ਵਾਕ ਵਿਚਲੇ ਨਾਂਵ ਜਾਂ ਪੜਨਾਂਵ ਸ਼ਬਦਾਂ ਨਾਲ ਕਿੱਥੇ ਲੱਗਦੇ ਹਨ?

(**A**) ਪਿੱਛੇ (**B**) ਅੱਗੇ

(**C**) ਵਿਚਕਾਰ (**D**) ਉੱਪਰ

11. 'ਖੁਸ਼' ਅਗੇਤਰ ਨਾਲ ਬਣੇ ਹੋਏ ਸਹੀ ਸ਼ਬਦ ਸਮੂਹ ਦੀ ਚੋਣ ਕਰੋ।

(**A**) ਖੁਸ਼ਦਿਨ, ਖੁਸ਼ਮੇਲ (**B**) ਖੁਸ਼ਕਿਸਮਤ, ਖੁਸ਼ਹਾਲ

(**C**) ਖੁਸ਼ਦਿਨ, ਖੁਸ਼ਮੂੰਹਾਂ (**D**) ਉਪਰੋਕਤ ਸਾਰੇ

12. 'ਪੰਡਤਾਣੀ' ਅਤੇ 'ਜਠਾਣੀ' ਸ਼ਬਦ ਵਿੱਚ ਪਿਛੇਤਰ ਕੀ ਹੈ ?

(**A**) ਆਣੀ (**B**) ਤਾਣੀ

(**C**) ਠਾਣੀ (**D**) ਡਤਾਣੀ

**13. ਪੜਨਾਂਵ ਕਿਸ ਨੂੰ ਕਹਿੰਦੇ ਹਨ?**

(**A**) ਜੋ ਸ਼ਬਦ ਕਿਸੇ ਮਨੁੱਖ ਦੇ ਗੁਣ ਦੱਸਦੇ ਹਨ।

(**B**) ਜੋ ਸ਼ਬਦ ਕਿਸੇ ਪ੍ਰਾਣੀ ਜਾਂ ਵਸਤੂ ਦੀ ਗਿਣਤੀ ਦੱਸਦੇ ਹਨ।

(**C**) ਜਿਨ੍ਹਾਂ ਸ਼ਬਦਾਂ ਦੀ ਵਰਤੋਂ ਨਾਂਵ ਦੀ ਥਾਂ ਹੋਵੇ।

(**D**) ਜੋ ਸ਼ਬਦ ਦੋ ਜਾਂ ਦੋ ਤੋਂ ਵੱਧ ਅੱਖਰਾਂ ਦੇ ਮਿਲਣ ਨਾਲ ਬਣਦੇ ਹਨ।

**14. ਪੜਨਾਂਵ ਦੇ ਕਿੰਨੇ ਭੇਦ ਹੁੰਦੇ ਹਨ?**

(**A**) ਪੰਜ (**B**) ਛੇ

(**C**) ਸੱਤ (**D**) ਅੱਠ

**15. 'ਸਮਾਨਾਰਥੀ' ਸ਼ਬਦ ਕਿਸ ਨੂੰ ਕਹਿੰਦੇ ਹਨ?**

(**A**) ਉਹ ਸ਼ਬਦ, ਜੋ ਇੱਕ ਦੂਜੇ ਤੋਂ ਭਿੰਨ ਅਰਥ ਦੱਸਦੇ ਹੋਣ।

(**B**) ਉਹ ਸ਼ਬਦ, ਜੋ ਇਕੋ ਜਿਹੇ ਅਰਥ ਦਾ ਬੋਧ ਕਰਾਉਂਦੇ ਹੋਣ।

(C) ਉਹ ਸ਼ਬਦ, ਜਿਨ੍ਹਾਂ ਵਿੱਚ ਅਰਥ ਦਾ ਅੰਤਰ ਹੁੰਦਾ ਹੈ, ਪਰ ਇਕ ਦੂਜੇ ਦੇ ਸਮਾਨ ਹੁੰਦੇ ਹਨ।

(**D**) ਉਹ ਸ਼ਬਦ, ਜੋ ਅਰਥ ਵਿੱਚ ਭਿੰਨ ਅਤੇ ਉਚਾਰਣ ਵਿਚ ਲਗਭਗ ਸਮਾਨ ਹੋਣ।

16. **'ਉੱਲੂ ਸਿੱਧਾ ਕਰਨਾ'** ਮੁਹਾਵਰੇ ਦਾ ਸਹੀ ਅਰਥ ਦਸੋ—

(**A**) ਉੱਲੂ ਨੂੰ ਸਿੱਧਾ ਕਰਨਾ (**B**) ਉੱਲੂ ਨੂੰ ਡਾਂਟਨਾ

(**C**) ਮਤਲਬ ਕੱਢਣਾ (**D**) ਮਤਲਬ ਸਿੱਧਾ ਕਰਨਾ

17. **'ਆਕੀ ਹੋਣਾ'** ਮੁਹਾਵਰੇ ਦਾ ਸਹੀ ਅਰਥ ਚੁਣੋ—

(**A**) ਅੱਕ ਜਾਣਾ (**B**) ਆਦਤ ਵਿਗੜ ਜਾਣੀ

(**C**) ਵਿਗੜ ਜਾਣਾ (**D**) ਵਿਦਰੋਹੀ ਹੋ ਜਾਣਾ

**ਪ੍ਰ.2.** ਪੁੱਛੇ ਗਏ ਅਨੁਸਾਰ **13 ਪ੍ਰਸ਼ਨਾਂ** ਵਿੱਚੋਂ ***ਕੋਈ 8*** ਪ੍ਰਸ਼ਨਾਂ ਦੇ ਉੱਤਰ ਲਿਖੋ— (1X8) **8**

18. ਪੰਜਾਬੀ ਸੂਫ਼ੀ ਕਵਿਤਾ ਦੇ ਮੋਢੀ ਕਿਸ ਨੂੰ ਕਿਹਾ ਜਾਂਦਾ ਹੈ ?

(**A**) ਗੁਰੂ ਨਾਨਕ ਦੇਵ ਜੀ (**B**) ਬੁੱਲ੍ਹੇ ਸ਼ਾਹ

(**C**) ਸ਼ੇਖ਼ ਫ਼ਰੀਦ (**D**) ਸ਼ਾਹ ਮੁਹੰਮਦ

19. ਬੁੱਲ੍ਹੇ ਸ਼ਾਹ ਦੀ ਕਿਹੜੀ ਕਵਿਤਾ ਤੁਹਾਡੀ ਪਾਠ ਪੁਸਤਕ ਵਿੱਚ ਸ਼ਾਮਲ ਹੈ ?

(**A**) ਉਠ ਜਾਗ ਘੁਰਾੜੇ ਮਾਰ ਨਹੀਂ (**B**) ਮਾਟੀ ਕੁਦਮ ਕਰੇਂਦੀ ਯਾਰ

(**C**) ਆ ਮਿਲ ਯਾਰ ਸਾਰ ਲੈ ਮੇਰੀ (**D**) ਆਓ ਫ਼ਕੀਰੋ ਮੇਲੇ ਚੱਲੀਏ

20. ਬੁੱਲ੍ਹੇ ਸ਼ਾਹ ਆਪਣੀ ਕਾਫੀ ਰਾਹੀਂ ਕੀ ਤਿਆਗਣ ਲਈ ਕਹਿ ਰਹੇ ਹਨ?

(**A**) ਕੰਮ ਕਾਰ (**B**) ਪੜ੍ਹਾਈ ਲਿਖਾਈ

(**C**) ਸੰਸਾਰਕ ਵਸਤੂਆਂ ਦਾ ਮੋਹ (**D**) ਬਾਲ ਬੱਚੇ

21. ਸਿੰਮਲ ਕਿਸ ਦਾ ਨਾਂ ਹੈ ?

(**A**) ਨਦੀ (**B**) ਸ਼ਹਿਰ

(**C**) ਰੁੱਖ (**D**) ਵਿਅਕਤੀ ਦਾ ਨਾਮ

22. ਗੁਰੂ ਨਾਨਕ ਦੇਵ ਜੀ ਦੀ ਕਿਹੜੀ ਕਵਿਤਾ ਤੁਹਾਡੀ ਪਾਠਕ੍ਰਮ ਵਿੱਚ ਸ਼ਾਮਲ ਹੈ ?

(**A**) ਬਾਰਹਮਾਹਾ (**B**) 'ਸਿੰਮਲ ਰੁਖੁ ਸਰਾਇਰਾ'

(**C**) ਸ਼ਬਦ (**D**) ਸਿੱਧ ਗੋਸਟਿ

23. ਹੀਰ ਕਿਸ ਨਾਲ ਗੱਲਾਂ ਕਰ ਰਹੀ ਹੈ ?

(**A**) ਭਿਖਾਰੀ ਨਾਲ (**B**) ਜੋਗੀ ਨਾਲ

(**C**) ਸਾਧੂ ਨਾਲ (**D**) ਪੰਡਤ ਨਾਲ

24. 'ਜੰਗ ਸਿੰਘਾਂ ਤੇ ਫ਼ਿਰੰਗੀਆਂ' ਕਿਸ ਦੀ ਰਚਨਾ ਹੈ ?

(**A**) ਬੁੱਲ੍ਹੇ ਸ਼ਾਹ (**B**) ਸ਼ਾਹ ਮੁਹੰਮਦ

(**C**) ਸ਼ਾਹ ਹੁਸੈਨ (**D**) ਵਾਰਸ ਸ਼ਾਹ

25. ਕਵਿਤਾ 'ਜੰਗ ਸਿੰਘਾਂ ਤੇ ਫ਼ਿਰੰਗੀਆਂ' ਅਨੁਸਾਰ, ਕਵੀ ਕਿਹੜੀਆਂ ਫੌਜਾਂ ਦੀ ਪ੍ਰਸੰਸਾ ਕਰਦਾ ਹੈ ?

(**A**) ਅੰਗਰੇਜ਼ਾਂ ਦੀ (**B**) ਮੁਗਲਾਂ ਦੀ

(**C**) ਸਿੱਖ ਫੌਜਾਂ ਦੀ (**D**) ਉਪਰੋਕਤ ਸਾਰੇ

26. ਗੁਰੂ ਨਾਨਕ ਦੇਵ ਜੀ ਅਨੁਸਾਰ ਨੀਵੇਂ ਹੋਣ ਦਾ ਕੀ ਅਰਥ ਹੈ—

(A) ਆਪਣੇ ਸ਼ਰੀਰ ਨੂੰ ਨਿਵਾਉਣਾ (B) ਨਿਮਰਤਾ ਦਾ ਗੁਣ ਧੁਰ ਮਨ ਅੰਦਰ ਧਾਰਨ ਕਰਨਾ

(C) ਆਪਣੇ ਸਵਾਰਥ ਲਈ ਨਿਵਣਾ (D) ਹੰਕਾਰੀ ਹੋਣਾ

27. ਕਾਵਿ ਬੰਦ **'ਹੀਰ'** ਵਿੱਚ ਹੀਰ ਦੀ ਕਿਸ ਤਰ੍ਹਾਂ ਦੀ ਮਾਨਸਕ ਅਵਸਥਾ ਹੈ?

(A) ਖ਼ੁਸ਼ੀ ਵਾਲੀ (B) ਹੈਰਾਨੀ ਵਾਲੀ

(C) ਸੰਯੋਗ ਵਾਲੀ (D) ਵਿਯੋਗ ਵਾਲੀ

28. ਖ਼ਾਲਸਾ ਫ਼ੌਜਾਂ ਜਿੱਤ ਕੇ ਵੀ ਕਿਉਂ ਹਾਰ ਜਾਂਦੀਆਂ ਹਨ?

(A) ਹਥਿਆਰਾਂ ਦੀ ਘਾਟ ਕਾਰਨ (B) ਖਾਣ-ਪੀਣ ਦਾ ਸਮਾਨ ਮੁੱਕ ਜਾਣ ਕਰਕੇ

(C) ਡਰ ਜਾਣ ਕਰਕੇ (D) ਮਹਾਰਾਜਾ ਰਣਜੀਤ ਸਿੰਘ ਦੀ ਗ਼ੈਰਹਾਜਰੀ ਕਾਰਨ

29. ਫਰੀਦ ਜੀ ਅਨੁਸਾਰ ਮਨੁੱਖ ਨੂੰ ਕਿਹੜੇ ਕੰਮ ਨਹੀਂ ਕਰਨੇ ਚਾਹੀਦੇ ਹਨ?

(A) ਜਿਹੜੇ ਕੰਮ ਵਿੱਚ ਗੁਣ ਹੋਣ।

(B) ਜਿਹੜੇ ਕੰਮ ਕਰਨ ਨਾਲ ਕਿਸੇ ਦਾ ਭਲਾ ਹੁੰਦਾ ਹੋਵੇ।

(C) ਜਿੰਨ੍ਹਾਂ ਕੰਮਾਂ ਵਿੱਚ ਕੋਈ ਗੁਣ ਨਾ ਹੋਵੇ।

(D) ਜਿਹੜੇ ਕੰਮ ਕਰਨ ਨਾਲ ਰੱਬ ਖ਼ੁਸ਼ ਹੁੰਦਾ ਹੋਵੇ।

30. ਫਰੀਦ ਜੀ ਅਨੁਸਾਰ ਕੋਠੇ, ਮੰਡਪ, ਮਾੜੀਆਂ ਨਾਲ ਚਿੱਤ ਕਿਉਂ ਨਹੀਂ ਲਾਉਣਾ ਚਾਹੀਦਾ?

(A) ਕਿਉਂਕਿ, ਇਹ ਸਦੀਵੀ ਹਨ।

(B) ਕਿਉਂਕਿ, ਇਹਨਾਂ 'ਚੋਂ ਕਿਸੇ ਨੇ ਵੀ ਮਨੁੱਖ ਦਾ ਸਾਥੀ ਨਹੀਂ ਬਣਨਾ।

(C) ਕਿਉਂਕਿ, ਇਹ ਸੁੱਖ ਪ੍ਰਦਾਨ ਕਰਦੇ ਹਨ।

(D) ਕਿਉਂਕਿ, ਇਹ ਸੁੰਦਰ ਨਹੀਂ ਹਨ।

**ਪ੍ਰ.3.** ਪੁੱਛੇ ਗਏ ਅਨੁਸਾਰ **11 ਪ੍ਰਸ਼ਨਾਂ** ਵਿੱਚੋਂ **ਕੋਈ 7** ਪ੍ਰਸ਼ਨਾਂ ਦੇ ਉੱਤਰ ਲਿਖੋ— (1X7) **7**

31. ਪਾਠ 'ਘਰ ਦਾ ਪਿਆਰ' ਅਨੁਸਾਰ ਸੜੀਅਲ ਜਾਂ ਖਿਝੂ ਸੱਜਣ ਨੂੰ ਦੇਖ ਕੇ ਲੇਖਕ ਕੀ ਸੋਚਦਾ ਹੈ ?

(A) ਸਕੂਲ ਨਹੀਂ ਗਿਆ ਹੋਣਾ (B) ਨਾਨਕਿਆਂ ਦਾ ਪਿਆਰ ਨਹੀਂ ਮਿਲਿਆ ਹੋਣਾ

(C) ਘਰ ਦਾ ਪਿਆਰ ਨਹੀਂ ਮਿਲਿਆ ਹੋਣਾ (D) ਮਿੱਤਰ ਨਹੀਂ ਹੋਣਗੇ

32. ਪਾਠ 'ਘਰ ਦਾ ਪਿਆਰ' ਅਨੁਸਾਰ ਲੇਖਕ ਦੀ ਜਾਣਕਾਰ ਬੀਬੀ ਕਿਸ ਦੀ ਪੁਤਲੀ ਹਨ?

(A) ਖ਼ੂਬਸੂਰਤੀ ਦੀ (B) ਧਨ ਦੀ

(C) ਉਪਕਾਰ ਦੀ (D) ਉਪਰੋਕਤ ਵਿੱਚੋਂ ਕੋਈ ਨਹੀਂ

33. ਸਹੀ ਵਿਕਲਪ ਦੀ ਚੋਣ ਕਰਕੇ ਵਾਕ ਪੂਰਾ ਕਰੋ–

ਘਰ ਇੱਟਾਂ ਜਾਂ ...........ਦੇ ਬਣੇ ਕੋਠੇ ਨੂੰ ਨਹੀਂ ਕਹਿੰਦੇ।

(A) ਵੱਟਿਆਂ (B) ਗਾਰੇ

(C) ਪਾਣੀ (D) ਬਾਲੇ

34. 'ਵਾਤਾਵਰਣ ਵਿੱਚ ਸੁੰਦਰਤਾ' ਪਾਠ ਦੇ ਆਧਾਰ 'ਤੇ ਦੱਸੋ ਕਿ ਸੁੰਦਰਤਾ ਕਿਸ ਦੀ ਮੁਥਾਜ ਹੈ?

(A) ਅੱਖਾਂ ਦੀ (B) ਕੰਨਾਂ ਦੀ

(C) ਲੋਕਾਂ ਦੀ (D) ਹੱਥਾਂ ਦੀ

35. 'ਵਾਤਾਵਰਣ ਵਿੱਚ ਸੁੰਦਰਤਾ' ਪਾਠ ਦੇ ਆਧਾਰ 'ਤੇ ਦੱਸੋ ਕਿ ਘਰ ਜਾਂ ਮਕਾਨ ਨੂੰ ਕਿਸ ਨਾਲ ਬਣਾਉਣਾ ਜ਼ਰੂਰੀ ਹੈ?

(A) ਵਾਤਾਵਰਣ ਨਾਲ (B) ਇੱਟਾਂ ਨਾਲ

(C) ਮਹਿੰਗੇ ਸਮਾਨ ਨਾਲ (D) ਸਜਾਵਟ ਵਾਲੇ ਕਪੜਿਆਂ ਨਾਲ

36. ਸੁਆਣੀ ਸ਼ਬਦ ਦਾ ਕੀ ਅਰਥ ਹੈ ?

(A) ਘਰੇਲੂ ਔਰਤ (B) ਭੇਡ਼

(C) ਬਕਰੀ (D) ਉਪਰੋਕਤ ਵਿੱਚੋਂ ਕੋਈ ਨਹੀਂ

37. ਮਨੁੱਖ ਦਾ ਆਚਰਣ ਕਿੱਥੇ ਬਣਦਾ ਹੈ—

(A) ਸਿਨੇਮਾਘਰ ਵਿੱਚ (B) ਘਰ ਵਿੱਚ

(C) ਖੇਡ ਮੈਦਾਨ ਵਿੱਚ (D) ਇਹਨਾਂ ਵਿਚੋਂ ਕੋਈ ਨਹੀਂ

38. ਪਾਠ 'ਘਰ ਦਾ ਪਿਆਰ' ਦੇ ਰਚਨਾਕਾਰ ਹਨ—

(A) ਪ੍ਰਿੰ. ਤੇਜਾ ਸਿੰਘ (B) ਪ੍ਰਿੰ. ਸਤਿਬੀਰ ਸਿੰਘ

(C) ਪ੍ਰਿੰ. ਸੁਰਜਨ ਸਿੰਘ (D) ਪ੍ਰਿੰ. ਹਰਮੀਤ ਸਿੰਘ

39. ਜਿੰਨਾਂ ਨੂੰ ਘਰ ਦਾ ਪਿਆਰ ਨਹੀਂ ਮਿਲਦਾ ਉਨ੍ਹਾਂ ਦਾ ਸੁਭਾਅ ਹੁੰਦਾ ਹੈ—

(A) ਗੁੱਸੇ ਵਾਲਾ (B) ਪਿਆਰ ਵਾਲਾ

(C) ਹਾਸੇ ਵਾਲਾ (D) ਸੜੀਅਲ

40. ਤਾਜਮਹਲ ਆਪਣਾ ਪ੍ਰਭਾਵ ਕਿੱਥੋਂ ਲੈਂਦਾ ਹੈ?

(A) ਦਰਿਆ ਤੋਂ (B) ਇਮਾਰਤ ਤੋਂ

(C) ਵਾਤਾਵਰਣ ਤੋਂ (D) ਸਾਰਿਆਂ ਤੋਂ

41. ਘਰ ਦੇ ਕਮਰਿਆਂ ਦੀ ਆਪਣੀ ਕੀ ਹੋਣੀ ਚਾਹੀਦੀ ਹੈ?

(A) ਸਫ਼ਾਈ (B) ਸ਼ਖਸ਼ੀਅਤ

(C) ਵੱਖਰੀ ਨੁਹਾਰ (D) ਗੰਦਗੀ

ਪ੍ਰ.4. ਪੁੱਛੇ ਗਏ ਅਨੁਸਾਰ **10 ਪ੍ਰਸ਼ਨਾਂ** ਵਿੱਚੋਂ **ਕੋਈ 6** ਪ੍ਰਸ਼ਨਾਂ ਦੇ ਉੱਤਰ ਲਿਖੋ— (1X6) **6**

42. ਸੁਜਾਨ ਸਿੰਘ ਦੀ ਕਿਹੜੀ ਕਹਾਣੀ ਤੁਹਾਡੀ ਪਾਠ-ਪੁਸਤਕ ਵਿੱਚ ਦਰਜ ਹੈ?

(A) ਬੱਸ ਕੰਡਕਟਰ (B) ਸਾਂਝ

(C) ਸਵਰਗ ਦੀ ਝਲਕ (D) ਮਲੰਗ

43. 'ਪਸੀਨਾ' ਲਈ ਕਿਹੜਾ ਸ਼ਬਦ ਸਹੀ ਹੈ?

(A) ਮੁੜਕਾ (B) ਮੁਢਕਾ

(C) ਮੁੜਦਾ (D) ਮੁੜ੍ਹਕਾ

44. ਵੱਡੇ ਸਰਦਾਰ ਦੇ ਜਵਾਈ ਦੀ ਮੌਤ ਦਾ ਕਾਰਨ ਕੀ ਸੀ? 'ਸਾਂਝ' ਕਹਾਣੀ ਦੇ ਆਧਾਰ ਤੇ ਦੱਸੋ।

(A) ਟਰੱਕ ਨਾਲ ਟੱਕਰ (B) ਕਾਰ ਨਾਲ ਟੱਕਰ

(C) ਕਾਰ ਦੀ ਪੁਲੀ ਨਾਲ ਟੱਕਰ (D) ਕਾਰ ਦੇ ਪੁਲੀ ਤੋਂ ਡਿੱਗਣ ਕਾਰਨ

45. 'ਸਾਂਝ' ਕਹਾਣੀ ਦੇ ਆਧਾਰ ਤੇ ਦੱਸੋ ਕਿ ਸਰਦਾਰ ਜੀ ਦੀ ਧੀ ਦੇ ਵਿਆਹ ਨੂੰ ਕਿੰਨੇ ਸਾਲ ਹੋ ਗਏ ਸਨ?

(A) ਚਾਰ-ਪੰਜ (B) ਛੇ-ਸੱਤ

(C) ਪੰਜ-ਛੇ (D) ਸੱਤ-ਅੱਠ

46. 'ਸਾਂਝ' ਕਹਾਣੀ ਦੇ ਆਧਾਰ ਤੇ ਦੱਸੋ ਕਿ ਸਰਦਾਰ ਜੀ ਦੀ ਧੀ ਦੇ ਕਿੰਨੇ ਬੱਚੇ ਸਨ?

(A) ਇੱਕ (B) ਦੋ

(C) ਤਿੰਨ (D) ਕੋਈ ਬੱਚਾ ਨਹੀਂ ਸੀ

47. ਲੇਖਕ ਰਿਕਸ਼ੇ ਨੂੰ ਬੁਰਾ ਕਿਉਂ ਸਮਝਦਾ ਸੀ-

(A) ਇੱਕ ਦਿਨ ਉਹ ਰਿਕਸ਼ੇ ਤੋਂ ਡਿੱਗ ਪਿਆ ਸੀ।

(B) ਰਿਕਸ਼ੇ ਦੇ ਅੱਗੇ ਪਸ਼ੂ ਦੀ ਥਾਂ ਆਦਮੀ ਜੁੜਦਾ ਸੀ।

(C) ਰਿਕਸ਼ੇ ਉੱਤੇ ਚੜ੍ਹਨਾ ਮੁਸ਼ਕਲ ਸੀ।

(D) ਰਿਕਸ਼ਾ ਹੌਲੀ ਚੱਲਦਾ ਹੈ।

48. **'ਸਾਂਝ'** ਕਹਾਣੀ ਕਿਸ ਦੀ ਸਾਂਝ ਬਾਰੇ ਹੈ—

(A) ਭਾਈਚਾਰਕ ਸਾਂਝ ਬਾਰੇ

(B) ਦੋ ਢਾਣੀਆਂ ਦੀ ਸਾਂਝ ਬਾਰੇ

(C) ਅਮੀਰਾਂ ਤੇ ਗ਼ਰੀਬਾਂ ਵਿਚਲੀ ਸਾਂਝ ਬਾਰੇ

(D) ਦੋ ਮਨੁੱਖਾਂ ਦੀ ਸਾਂਝ ਬਾਰੇ

49. ਸਰਦਾਰ ਦੇ ਘਰ ਕਿਸ ਦੀ ਮੌਤ ਹੋਈ ਸੀ?

(A) ਸਰਦਾਰ ਦੀ ਵਹੁਟੀ ਦੀ (B) ਸਰਦਾਰ ਦੇ ਭਰਾ ਦੀ

(C) ਸਰਦਾਰ ਦੇ ਜੁਆਈ ਦੀ (D) ਸਰਦਾਰ ਦੀ ਧੀ ਦੀ

50. ਸਰਦਾਰ ਦੇ ਘਰ ਅਫ਼ਸੋਸ ਕਰਨ ਆਏ ਬੰਦਿਆਂ ਦੀ ਕਿੰਨੀਆਂ ਢਾਣੀਆਂ ਸਨ?

(A) ਦੋ (B) ਤਿੰਨ

(C) ਚਾਰ (D) ਪੰਜ

51. ਰਿਕਸ਼ੇਵਾਲਾ ਕੌਣ ਸੀ?

(A) ਪੰਜਾਬੀ (B) ਹਰਿਆਣਵੀ

(C) ਬੰਗਾਲੀ (D) ਸ਼ਰਨਾਰਥੀ

ਪ੍ਰ.5. ਪੁੱਛੇ ਗਏ ਅਨੁਸਾਰ 6 ਪ੍ਰਸ਼ਨਾਂ ਵਿੱਚੋਂ ਕੋਈ 4 ਪ੍ਰਸ਼ਨਾਂ ਦੇ ਉੱਤਰ ਲਿਖੋ– (1X4) 4

52. ਬੇਈਮਾਨ ਇਕਾਂਗੀ ਦੇ ਲੇਖਕ ਕੌਣ ਹਨ?

(A) ਈਸ਼ਵਰ ਨੰਦਾ (B) ਈਸ਼ਰ ਨੰਦਾ

(C) ਈਸ਼ਰ ਚੰਦ ਨੰਦਾ (D) ਈਸ਼ਵਰ ਚੰਦਰ ਨੰਦਾ

53. 'ਹੈੱਡਲਾਈਟ ਦਾ ਡਿੱਪਰ' ਕਿਸ ਨੇ ਬਦਲਵਾਇਆ ਸੀ? 'ਬੇ-ਈਮਾਨ' ਇਕਾਂਗੀ ਦੇ ਅਧਾਰ 'ਤੇ ਦੱਸੋ।

(A) ਪੁਲੀਸ ਇੰਸਪੈਕਟਰ ਨੇ (B) ਬੀਮਾ ਕੰਪਨੀ ਵਾਲੇ ਨੇ

(C) ਮੋਟਰ ਵਾਲੇ ਦੀ ਤੀਵੀਂ ਨੇ! (D) ਮੋਟਰ ਵਾਲੇ ਸੇਠ ਨੇ

54. ਮੋਟਰ ਵਾਲਾ ਕੀ ਕਹਿਣ ਤੋਂ ਝੱਕਦਾ ਹੈ? 'ਬੇ-ਈਮਾਨ' ਇਕਾਂਗੀ ਦੇ ਅਧਾਰ 'ਤੇ ਦੱਸੋ।

(1) ਪੈਸੇ ਘੱਟ ਕਰਨ ਵਾਸਤੇ (B) ਪੈਸੇ ਬਾਅਦ ਵਿੱਚ ਦੇਣ ਵਾਸਤੇ

(C) ਮਿਸਤਰੀ ਦੀ ਸ਼ਿਕਾਇਤ ਬਾਰੇ (D) ਵਾਧੂ ਕੀਮਤ ਦਾ ਬਿਲ ਬਣਵਾਉਣ ਬਾਰੇ

55. ਨਵਾਂ ਡਿੱਪਰ ਕਿੰਨੇ ਰੁਪਏ ਦਾ ਆਉਣਾ ਸੀ? 'ਬੇ-ਈਮਾਨ' ਇਕਾਂਗੀ ਦੇ ਅਧਾਰ 'ਤੇ ਦੱਸੋ।

(A) ਪੰਜ-ਛੇ ਰੁਪਏ ਦਾ (B) ਦਸ ਰੁਪਏ

(C) ਵੀਹ ਰੁਪਏ (D) ਇਹਨਾਂ ਵਿਚੋਂ ਕੋਈ ਨਹੀਂ

56. ਬਸੰਤ ਰਾਮ ਦੇ ਘਰ ਕੌਣ ਬਿਮਾਰ ਸੀ?

(A) ਪਤਨੀ (B) ਬੇਟੀ

(C) ਭਰਾ (D) ਪਿਤਾ

57. ਗਰਾਜ ਵਿੱਚ ਬੱਤਰਾ ਸਾਬ ਦੀ ਕਾਰ ਦੇ ਕਿਹੜੇ ਪੁਰਜੇ ਦੇ ਬਦਲਣ ਦਾ ਜ਼ਿਕਰ ਆਇਆ ਹੈ?

(A) ਟਾਇਰ (B) ਹਾਰਨ

(C) ਡਿਪਰ (D) ਤਾਲਾ

ਪ੍ਰ.6. ਹੇਠ ਦਿੱਤੇ ਅਣਡਿੱਠੇ ਪੈਰਿਆਂ ਨੂੰ ਪੜ੍ਹੋ ਅਤੇ ਉਹਨਾਂ ਹੇਠ ਦਿੱਤੇ ਪ੍ਰਸ਼ਨਾਂ ਦੇ ਬਹੁਵਿਕਲਪੀ ਉਤਰਾਂ ਵਿੱਚੋਂ ਸਹੀ ਉਤਰ ਲਿਖੋ –

1. ਪੁੱਛੇ ਗਏ ਅਨੁਸਾਰ 9 ਪ੍ਰਸ਼ਨਾਂ ਵਿੱਚੋਂ ਕੋਈ 6 ਪ੍ਰਸ਼ਨਾਂ ਦੇ ਉੱਤਰ ਲਿਖੋ– (1X6) 6

ਇੱਕ ਵਿਦਿਆਰਥੀ, ਇਮਤਿਹਾਨ ਦੇਣ ਜਾਂਦਾ ਹੈ। ਹਿਸਾਬ ਦਾ ਪਰਚਾ ਹੈ, ਪਹਿਲਾ ਹੀ ਸਵਾਲ ਗਲਤ ਨਿਕਲ ਆਉਂਦਾ ਹੈ, ਹੁਣ ਜਿਉਂ ਜਿਉਂ ਉਹ ਇਸੇ ਸਵਾਲ ਨੂੰ ਠੀਕ ਕੱਢਣ ਦੇ ਯਤਨ ਕਰਦਾ ਹੈ, ਤਿਉਂ ਤਿਉਂ ਉਲਝਣਾਂ ਪੈਂਦੀਆਂ ਜਾਂਦੀਆਂ ਹਨ। ਇਸ ਸਵਾਲ ਨੂੰ ਠੀਕ ਹੱਲ ਕਰਨਾ, ਸੁਚੇਤ ਮਨ ਦੇ ਵੱਸ ਤੋਂ ਬਾਹਰ ਦੀ ਗੱਲ ਹੋ ਜਾਂਦੀ ਹੈ। ਅੱਕ ਕੇ ਉਹ ਇਸ ਸਵਾਲ ਨੂੰ ਛੱਡ ਕੇ, ਬਾਕੀ ਦਾ ਪਰਚਾ ਕਰਦਾ ਹੈ, ਅਖੀਰ 'ਤੇ ਫਿਰ ਪਹਿਲੇ ਸਵਾਲ ਨੂੰ ਹੀ ਹੱਲ ਕਰਨ ਦਾ ਯਤਨ ਕਰਦਾ

ਹੈ ਤੇ ਹੈਰਾਨੀ ਦੀ ਗੱਲ ਹੁੰਦੀ ਹੈ ਕਿ ਉਹ ਸਵਾਲ ਠੀਕ ਨਿਕਲ ਆਉਂਦਾ ਹੈ। ਵਿਦਿਆਰਥੀ ਨੂੰ ਉਸ ਉਲਝਣ ਵਿਚੋਂ ਕਿਸ ਨੇ ਕੱਢਿਆ ? ਮਨ ਦੀ ਅਚੇਤ ਅਵਸਥਾ ਨੇ, ਕਿਉਂਕਿ ਸੁਚੇਤ ਮਨ ਤਾਂ ਬਾਕੀ ਪਰਚਾ ਕਰਨ ਵਿਚ ਰੁੱਝਾ ਹੋਇਆ ਸੀ, ਇਤਨੇ ਸਮੇਂ ਵਿਚ ਅਚੇਤ ਮਨ ਨੂੰ ਮੌਕਾ ਮਿਲ ਗਿਆ ਕਿ ਸੁਚੇਤ ਮਨ ਨੂੰ ਰਾਹ ਦੱਸ ਸਕੇ। ਰਾਤ ਨੂੰ ਸੌਣ ਵੇਲੇ ਇਕ ਵਿਦਿਆਰਥੀ ਆਪਣੇ ਆਪ ਨੂੰ ਇਹ ਆਖਦਾ ਹੈ ਕਿ ਸਵੇਰੇ ਚਾਰ ਵਜੇ ਜਗਾ ਦੇਣਾ। ਇਹ ਗੱਲ ਆਖਣ ਵਾਲਾ ਸੁਚੇਤ ਮਨ ਹੈ ਜੋ ਥੱਕੇ ਹੋਏ ਸਰੀਰ ਦੇ ਨਾਲ ਹੀ ਨੀਂਦ ਵਿਚ ਚਲਾ ਜਾਂਦਾ ਹੈ, ਪਰ ਪੂਰੇ ਚਾਰ ਵਜੇ ਉਸ ਨੂੰ ਜਾਗ ਆ ਜਾਂਦੀ ਹੈ, ਕਿਸ ਨੇ ਜਗਾਇਆ? ਅਚੇਤ ਮਨ ਨੇ, ਜੋ ਸੁਚੇਤ ਮਨ ਦੇ ਆਰਾਮ ਕਰਨ ਤੇ ਪਹਿਰੇ 'ਤੇ ਆ ਖਲੋਂਦਾ ਹੈ। ਜੀਵਨ ਦੇ ਅਜਿਹੇ ਕਈ ਹੋਰ ਰੋਜ਼ਾਨਾ ਤਜ਼ਰਬੇ ਸਾਨੂੰ ਇਹ ਯਕੀਨ ਦੁਆਉਂਦੇ ਹਨ ਕਿ ਸਾਡੇ ਰੋਜ਼ਾਨਾ ਜੀਵਨ ਵਿਚ ਨਿਰਾ ਸੁਚੇਤ ਮਨ ਹੀ ਨਹੀਂ ਦੌੜਦਾ-ਭੱਜਦਾ, ਮਨ ਦੀ ਅਚੇਤ ਅਵਸਥਾ ਨਾਲ ਵੀ ਸਾਨੂੰ ਰੋਜ਼ ਹੀ ਵਾਹ ਪੈਂਦਾ ਹੈ।

58. ਵਿਦਿਆਰਥੀ ਕਿੱਥੇ ਜਾਂਦਾ ਹੈ?

(A) ਸਮਾਨ ਖਰੀਦਣ (B) ਟਿਊਸ਼ਨ

(C) ਇਮਤਿਹਾਨ ਦੇਣ (D) ਉਪਰੋਕਤ ਸਾਰੇ

59. ਵਿਦਿਆਰਥੀ ਕਿਸ ਵਿਸ਼ੇ ਦਾ ਇਮਤਿਹਾਨ ਦੇਣ ਜਾਂਦਾ ਹੈ?

(A) ਵਿਗਿਆਨ ਦਾ (B) ਹਿਸਾਬ ਦਾ

(C) ਸਮਾਜਿਕ ਵਿਗਿਆਨ ਦਾ (4) ਪੰਜਾਬੀ ਦਾ

60. ਕੀ ਗਲਤ ਨਿਕਲ ਆਉਂਦਾ ਹੈ?

(A) ਸਵਾਲ (B) ਰੋਲ ਨੰਬਰ

(C) ਕਮਰਾ ਨੰਬਰ (D) ਇਹਨਾਂ ਵਿੱਚੋਂ ਕੋਈ ਨਹੀਂ

61. ਵਿਦਿਆਰਥੀ ਨੂੰ ਉਲਝਣ ਵਿੱਚੋਂ ਕਿਸ ਨੇ ਕੱਢਿਆ?

(A) ਅਧਿਆਪਕ ਨੇ (B) ਮਨ ਦੀ ਅਚੇਤ ਅਵਸਥਾ ਨੇ

(C) ਮਾਪਿਆਂ ਨੇ (D) ਦੋਸਤਾਂ ਨੇ

62. ਵਿਦਿਆਰਥੀ ਨੂੰ ਕਿੰਨੇ ਵਜੇ ਜਾਗ ਆ ਜਾਂਦੀ ਹੈ?

(A) ਚਾਰ ਵਜੇ (B) ਛੇ ਵਜੇ

(C) ਸੱਤ ਵਜੇ (D) ਅੱਠ ਵਜੇ

63. ਸਾਨੂੰ ਸੁਚੇਤ ਮਨ ਦੇ ਨਾਲ ਹੋਰ ਕਿਸ ਨਾਲ ਹਰ ਰੋਜ਼ ਵਾਹ ਪੈਂਦਾ ਹੈ?

(A) ਦਿਲ (B) ਚੰਚਲ ਮਨ

(C) ਅਚੇਤ ਮਨ (D) ਪਤਾ ਨਹੀਂ

64. ਸੁਚੇਤ ਮਨ ਦੇ ਆਰਾਮ ਕਰਨ 'ਤੇ ਕਿਹੜਾ ਮਨ ਉਸ ਦੇ ਪਹਿਰੇ 'ਤੇ ਆ ਖੜ੍ਹਾ ਹੁੰਦਾ ਹੈ?

(A) ਅਰਧ ਅਵਚੇਤਨ (B) ਅਚੇਤ ਮਨ

(C) ਅਰਧ ਅਤੇ ਸਮੂਹਿਕ ਚੇਤਨ (D) ਸਮੂਹਿਕ ਚੇਤਨ

65. ਰਾਤ ਨੂੰ ਸੌਣ ਵੇਲੇ ਇਕ ਵਿਦਿਆਰਥੀ ਆਪਣੇ ਆਪ ਨੂੰ ਕੀ ਆਖਦਾ ਹੈ?

(A) ਸਵੇਰੇ ਅੱਠ ਵਜੇ ਉਠਾਉਣ ਲਈ (B) ਸਵੇਰੇ ਸੱਤ ਵਜੇ ਜਗਾ ਦੇਣਾ

(C) ਸਵੇਰੇ ਚਾਰ ਵਜੇ ਜਗਾ ਦੇਣਾ (D) ਸਵੇਰੇ ਪੰਜ ਵਜੇ ਜਗਾ ਦੇਣਾ

66. ਇਸ ਪੈਰੇ ਦਾ ਸਹੀ ਸਿਰਲੇਖ ਕੀ ਹੈ?

(A) ਸੁਚੇਤ ਮਨ (B) ਅਚੇਤ ਤੇ ਸੁਚੇਤ ਮਨ

(C) ਸੁਚੇਤ ਤੇ ਅਚੇਤ ਮਨ (D) ਰੋਜ਼ਾਨਾ ਤਜ਼ਰਬੇ

**2.** ਪੁੱਛੇ ਗਏ ਅਨੁਸਾਰ **9 ਪ੍ਰਸ਼ਨਾਂ** ਵਿੱਚੋਂ **ਕੋਈ 6** ਪ੍ਰਸ਼ਨਾਂ ਦੇ ਉੱਤਰ ਲਿਖੋ– (1X6) **6**

ਆਰਮ ਸਟਰਾਂਗ ਅਤੇ ਉਹਦੇ ਸਾਥੀ ਜਿਹੜੇ ਪਹਿਲਾਂ ਚੰਨ ’ਤੇ ਜਾ ਕੇ ਉਤਰੇ ਸਨ, ਉਹ ਜਦ ਵਾਪਸ ਆਏ ਤਾਂ ਉਹਨਾਂ ਨੂੰ ਕਿਸੇ ਨੇ ਪੁੱਛਿਆ ਕਿ ਕਿਹੜੇ ਸਾਇੰਸਦਾਨ ਨੇ ਤੁਹਾਨੂੰ ਚੰਨ ’ਤੇ ਪਹੁੰਚਾਇਆ ਸੀ, ਉਹਨਾਂ ਦਾ ਜਵਾਬ ਸੀ ਨਿਊਟਨ ਨੇ। ਜੇ ਨਿਊਟਨ ਦੇ ਕੱਢੇ ਕੁਦਰਤੀ ਕਨੂੰਨ ਨਾ ਹੁੰਦੇ ਤਾਂ ਬਾਕੀ ਖੋਜ ਕਿਸ ਤਰ੍ਹਾਂ ਹੁੰਦੀ? ਪੰਜਾਬੀ ਵਿਚ ਕਹਾਵਤ ਹੈ ਕਿ ਬੂੰਦ-ਬੂੰਦ ਨਾਲ ਦਰਿਆ ਭਰਦਾ ਹੈ। ਇਕ ਆਦਮੀ ਤਜ਼ਰਬੇ ਅਤੇ ਵਿਚਾਰਾਂ ਕਰਕੇ ਕੁਝ ਗਿਆਨ ਪ੍ਰਾਪਤ ਕਰਦਾ ਹੈ। ਦੂਜਾ ਉਹਨਾਂ ’ਤੇ ਖੜਾ ਹੋ ਕੇ ਇਹਨਾਂ ਤਜ਼ਰਬਿਆਂ ਅਤੇ ਵਿਚਾਰਾਂ ਦੀ ਲੜੀ ਜਾਰੀ ਰੱਖਦਾ ਹੈ। ਤੀਜਾ ਹੋਰ ਅੱਗੇ। ਇਹ ਸਿਲਸਿਲਾ ਜਦ ਸਦੀਆਂ ਤੱਕ ਜਾਰੀ ਰਹਿੰਦਾ ਹੈ ਤਾਂ ਇਲਮ ਦਾ ਭੰਡਾਰ ਹਿਮਾਲਿਆ ਦੀਆਂ ਸਿਖਰਾਂ ਨੂੰ ਛੂੰਹਦਾ ਹੈ। ਇਨਸਾਨ ਨੇ ਕੁਝ ਸਦੀਆਂ ਵਿਚ ਬੇ-ਇੰਤਹਾ ਤਰੱਕੀ ਕੀਤੀ ਹੈ। ਕਿੱਥੇ ਖੁੰਦਰਾਂ ਵਿਚ ਰਹਿਣ ਵਾਲਾ ਬਣਮਾਣਸ ਅਤੇ ਕਿੱਥੇ ਪੰਜਾਹ ਮੰਜ਼ਲੇ ਮਕਾਨ ਵਿਚ ਰਹਿਣ ਵਾਲਾ, ਲਜ਼ੀਜ਼ ਤੋਂ ਲਜ਼ੀਜ਼ ਖਾਣ ਵਾਲਾ ਅਤੇ ਰੇਡੀਓ, ਟੈਲੀਵਿਜ਼ਨ ਅਤੇ ਟੈਲੀਫੋਨ ਦੁਆਰਾ ਸਾਰੇ ਸੰਸਾਰ ਦਾ ਦ੍ਰਿਸ਼ ਵੇਖਣ ਵਾਲਾ, ਦੈਵੀ ਗੁਣਾਂ ਵਾਲਾ ਮਨੁੱਖ, ਫੇਰ ਲੁਤਫ਼ ਇਹ ਹੈ ਕਿ ਵਿਕਾਸ ਜਾਰੀ ਹੈ ਅਤੇ ਦਿਨੋ ਦਿਨ ਗੱਡੀ ਤੇਜ਼ ਹੋ ਰਹੀ ਹੈ। ਪਰਮਾਤਮਾ ਹੀ ਜਾਣੇ ਕਿ ਇਨਸਾਨ ਨੇ ਕਿੱਥੇ ਦਾ ਕਿੱਥੇ ਪਹੁੰਚਣਾ ਹੈ ?

67. ਉਪਰੋਕਤ ਪੈਰੇ ਵਿਚ ਕਿਸ ਸਾਇੰਸਦਾਨ ਦਾ ਨਾਂ ਦੱਸਿਆ ਹੈ?

(A) ਚੰਨ (B) ਨਿਊਟਨ

(C) ਸਿਖਰ (D) ਰੱਬ

68. ਚੰਨ ’ਤੇ ਜਾਣ ਵਾਲਾ ਪਹਿਲਾ ਵਿਅਕਤੀ ਕੌਣ ਸੀ?

(A) ਨਿਊਟਨ (B) ਆਰਮ ਸਟਰਾਂਗ

(C) ਬਣਮਾਣਸ (D) ਆਮ ਆਦਮੀ

69. ਆਰਮ ਸਟਰਾਂਗ ਅਨੁਸਾਰ ਉਸ ਨੂੰ ਕਿਹੜੇ ਸਾਇੰਸਦਾਨ ਨੇ ਚੰਨ ਤੇ ਪਹੁੰਚਾਇਆ ਸੀ?

(A) ਗਲੀਲਿਓ (B) ਜਗਦੀਸ਼ ਬਸੂ

(C) ਨਿਊਟਨ (D) ਇਹਨਾਂ ਵਿੱਚੋਂ ਕੋਈ ਨਹੀਂ

70. ਬੂੰਦ-ਬੂੰਦ ਨਾਲ ਕੀ ਭਰਦਾ ਹੈ?

(A) ਬਾਲਟੀ (B) ਦਰਿਆ

(C) ਕਨੂੰਨ (D) ਮਨੁੱਖੀ ਹਿਰਦਾ

71. ਇਲਮ ਦਾ ਭੰਡਾਰ ਕਿਸ ਨੂੰ ਛੂੰਹਦਾ ਹੈ?

(A) ਸਮੁੰਦਰ (B) ਹਿਮਾਲਿਆ

(C) ਨਦੀ (D) ਛੱਪੜ

72. ‘ਖੁੰਦਰਾਂ’ ਦਾ ਅਰਥ ਹੈ–

(A) ਮਕਾਨ (B) ਫਲੈਟ

(C) ਗੁਫ਼ਾ (D) ਕੋਠੀ

73. ਖੁੰਦਰਾਂ ਵਿੱਚ ਰਹਿਣ ਵਾਲੇ ਕਿਹੜੇ ਜੀਵ ਦਾ ਜ਼ਿਕਰ ਪੈਰੇ ਵਿੱਚ ਆਇਆ ਹੈ?

(A) ਰਿੱਛ (B) ਬਾਂਦਰ

(C) ਲੁੰਬੜੀ (D) ਬਣਮਾਨਸ

74. ਆਦਮੀ ਤਜ਼ਰਬੇ ਅਤੇ ਵਿਚਾਰਾਂ ਕਰਕੇ ਕੀ ਪ੍ਰਾਪਤ ਕਰਦਾ ਹੈ?

(A) ਵਿਗਿਆਨ (B) ਅਗਿਆਨ

(C) ਗਿਆਨ (D) ਮਨੋਵਿਗਿਆਨ

75. ਇਨਸਾਨ ਨੇ ਕੁਝ ਸਦੀਆਂ ਵਿਚ ਕੀ ਕਰ ਲਿਆ ਹੈ?

(A) ਪੜ੍ਹਾਈ (B) ਲਿਖਾਈ

(C) ਬੇ-ਇੰਤਹਾ ਤਰੱਕੀ (D) ਪਤਾ ਨੀ ਕੀ ਕੁਝ ਕੀਤਾ ਹੈ

**ਪ੍ਰ.7.** ਪੁੱਛੇ ਗਏ ਅਨੁਸਾਰ **15 ਪ੍ਰਸ਼ਨਾਂ** ਵਿੱਚੋਂ ***ਕੋਈ 10*** ਪ੍ਰਸ਼ਨਾਂ ਦੇ ਉੱਤਰ 20-25 ਸ਼ਬਦਾਂ ਵਿੱਚ ਲਿਖੋ। (2X10)**20**

(1) ਗੁਰਮੁਖੀ ਲਿਪੀ ਵਿੱਚ ਕਿੰਨੇ ਲਗਾਂਖਰ ਹਨ? ਗੁਰਮੁਖੀ ਲਿਪੀ ਵਿੱਚ ਕਿਸੇ ਧੁਨੀ ਉੱਤੇ ਜ਼ੋਰ ਪ੍ਰਗਟ ਕਰਨ ਲਈ ਕਿਹੜੇ ਲਗਾਖਰ ਦੀ ਵਰਤੋਂ ਕੀਤੀ ਜਾਂਦੀ ਹੈ?

(2) ਨਾਂਵ ਕਿੰਨੀ ਤਰ੍ਹਾਂ ਦੇ ਹੁੰਦੇ? ਜਿਨ੍ਹਾਂ ਸ਼ਬਦਾਂ ਤੋਂ ਤੋਲਣ, ਮਿਣਨ ਜਾਂ ਮਾਪੀਆਂ ਜਾਣ ਵਾਲੀਆਂ ਵਸਤੂਆਂ ਦਾ ਗਿਆਨ ਹੋਏ, ਉਹ ਕਿਹੜੇ ਨਾਂਵ ਦੀ ਸ਼੍ਰੇਣੀ ਵਿੱਚ ਆਉਂਦੇ ਹਨ?

(3) 'ਆਸਰਾ ਦੇਣ ਦੇ ਲਈ' ਕਿਹੜਾ ਮੁਹਾਵਰਾ ਵਰਤਿਆ ਜਾਂਦਾ ਹੈ, ਵਾਕ ਬਣਾ ਕੇ ਸਪਸ਼ਟ ਕਰੋ।

(4) 'ਸਰਦੀ' ਦਾ ਸਮਾਨਰਥੀ ਸ਼ਬਦ ਠੰਡ ਹੈ। ਇਸ ਦੇ ਦੋ ਹੋਰ ਸਮਾਨਰਥੀ ਸ਼ਬਦ ਲਿਖੋ।

(5) ਕੋਈ ਦੋ ਵਿਸਰਾਮ ਚਿੰਨ੍ਹਾਂ ਦੇ ਨਾਮ ਦੱਸੋ ਤੇ ਉਹਨਾਂ ਦੇ ਚਿੰਨ੍ਹ ਵੀ ਲਿਖੋ।

(6) ਰੁੱਖ ਕਵਿਤਾ ਦਾ ਕਵੀ ਕੌਣ ਹੈ? ਉਸ ਨੂੰ ਰੁੱਖਾਂ ਦੀ ਬੋਲੀ ਕਿਹੋ ਜਿਹੀ ਲੱਗਦੀ ਹੈ?

(7) ਪਿੰਡ ਜਾਣ ਸਮੇਂ ਧੀਆਂ ਘਰ ਦੀ ਹਿਫ਼ਾਜ਼ਤ ਬਾਰੇ ਕਿਸ ਨੂੰ ਤੇ ਕੀ ਤਾਕੀਦ ਕਰਦੀਆਂ ਹਨ?

(8) ਸਫ਼ਲ ਹੋਣ ਲਈ ਭਾਈ ਵੀਰ ਸਿੰਘ ਜੀ ਨੇ ਕੀ ਕਰਨ ਦਾ ਸੰਦੇਸ਼ ਆਪਣੀ ਕਵਿਤਾ ਵਿੱਚ ਦਿੱਤਾ ਹੈ?

(9) ਮਹਾਰਾਜਾ ਰਣਜੀਤ ਸਿੰਘ ਦਾ ਸੁਭਾਅ ਕਿਹੋ ਜਿਹਾ ਸੀ।

(10) ਕੰਪਿਊਟਰ ਦੇ ਚਾਰ ਅੰਗ ਕਿਹੜੇ ਹਨ? ਕੋਈ ਚਾਰ ਅੰਗਾਂ ਦੇ ਨਾਂ ਲਿਖੋ।

(11) ਟਿਕਟ ਚੈਕਰ ਵੱਲੋਂ ਡਾਕਟਰ ਪਾਲੀ ਦੀ ਟਿਕਟ ਚੈਕ ਕਰਨ ਵੇਲੇ ਜੀਤ ਨੇ ਕੀ ਕੀਤਾ?

(12) ਪਿੰਡ ਦੇ ਬੰਦੇ ਨੂੰ ਮਿਲਣ ਪਿੱਛੋਂ ਨੰਦੂ ਉਦਾਸ ਕਿਉਂ ਰਹਿਣ ਲੱਗਾ ਤੇ ਉਹ ਕਿੰਨੀ ਉਮਰ ਵਿੱਚ ਦਿੱਲੀ ਆ ਗਿਆ ਸੀ?

(13) ਕੰਪਿਊਟਰ, ਸਿਹਤ ਦੇ ਖੇਤਰ ਵਿੱਚ ਕਿਵੇਂ ਯੋਗਦਾਨ ਦਿੰਦਾ ਹੈ?

(14) ਬਸ ਕੰਡਕਟਰ ਕਹਾਣੀ ਦੇ ਲੇਖਕ ਕੌਣ ਹਨ? ਇਸ ਕਹਾਣੀ ਦਾ ਮੁੱਖ ਪਾਤਰ ਬਸ ਵਿੱਚ ਕਿਸ ਦਾ ਤੇ ਕਿਵੇਂ ਧਿਆਨ

ਰੱਖਦਾ ਹੈ?

(15) ਬੀਮਾ ਕੰਪਨੀ ਦਾ ਮੈਨੇਜਰ ਵਰਕਸ਼ਾਪ ਦੇ ਮੈਨੇਜਰ ਕੋਲ ਕਿਹੜੀ ਜਾਂਚ ਲਈ ਆਇਆ ਸੀ?

**ਪ੍ਰ.8.** ਪੁੱਛੇ ਗਏ ਅਨੁਸਾਰ **3 ਪ੍ਰਸ਼ਨਾਂ** ਵਿੱਚੋਂ ***ਕੋਈ 2*** ਪ੍ਰਸ਼ਨਾਂ ਦੇ ਉੱਤਰ 40-45 ਸ਼ਬਦਾਂ ਵਿੱਚ ਲਿਖੋ। (3X2)**6**

(1) 'ਨਿੱਕੇ-ਨਿੱਕੇ ਡਰ' ਕਵਿਤਾ ਦੀ ਭਾਸ਼ਾ ਸ਼ੈਲੀ ਬਾਰੇ ਦੱਸੋ।

(2) ਸਾਰਥਕ ਸ਼ਬਦ ਕਿਸ ਨੂੰ ਕਹਿੰਦੇ ਹਨ? ਵਿਆਕਰਨ ਵਿੱਚ ਸਾਰਥਕ ਸ਼ਬਦਾਂ ਨੂੰ ਕਿਹੜੀਆਂ-ਕਿਹੜੀਆਂ ਸ਼੍ਰੇਣੀਆਂ ਵਿੱਚ ਵੰਡਿਆ ਗਿਆ ਹੈ ਉਹਨਾਂ ਦੇ ਨਾਂ ਲਿਖੋ।

(3) ਭਗਤ ਸਿੰਘ ਸ਼ੁਰੂ ਤੋਂ ਕਿਹੜੇ ਵਿਚਾਰਾਂ ਦਾ ਧਾਰਣੀ ਸੀ? ਜੀਵਨ ਵਿੱਚ ਕਿਹੜੀ ਘਟਨਾ ਕਰਕੇ ਉਸ ਦੇ ਵਿਚਾਰ ਬਦਲ ਗਏ?

**ਪ੍ਰ.9.** ਪੁੱਛੇ ਗਏ ਅਨੁਸਾਰ **5 ਪ੍ਰਸ਼ਨਾਂ** ਵਿੱਚੋਂ ***ਕੋਈ 3*** ਪ੍ਰਸ਼ਨਾਂ ਦੇ ਉੱਤਰ 70-80 ਸ਼ਬਦਾਂ ਵਿੱਚ ਲਿਖੋ। (4X3)**12**

(1) ਪੰਜਾਬੀ ਭਾਸ਼ਾ ਦੇ ਵਿਆਕਰਨ ਵਿੱਚ 'ਕਾਰਕ' ਬਾਰੇ ਤੁਸੀਂ ਕੀ ਜਾਣਦੇ ਹੋ? ਇਹ ਕਿੰਨੇ ਪ੍ਰਕਾਰ ਦੇ ਹੁੰਦੇ ਹਨ? ਉਹਨਾਂ ਦੇ ਨਾਂ ਲਿਖੋ।

(2) ਸਮਾਂ ਕਵਿਤਾ ਰਾਹੀਂ ਭਾਈ ਵੀਰ ਸਿੰਘ ਜੀ ਕੀ ਸੁਨੇਹਾ ਦੇ ਰਹੇ ਹਨ?

(3) ਜਲ੍ਹਿਆਂ ਵਾਲਾ ਬਾਗ ਕਿਹੜੇ ਸ਼ਹਿਰ ਵਿੱਚ ਹੈ? ਇਸ ਥਾਂ ਵਾਪਰੀ ਘਟਨਾ ਦਾ ਭਗਤ ਸਿੰਘ ਦੇ ਜੀਵਨ 'ਤੇ ਕੀ ਅਸਰ ਹੋਇਆ?

(4) ਬੇਈਮਾਨ ਇਕਾਂਗੀ ਦੇ ਪਾਤਰ ਬਸੰਤ ਰਾਮ ਬਾਰੇ ਆਪਣੇ ਸ਼ਬਦਾਂ ਵਿੱਚ ਲਿਖੋ।

(5) ਮਹਾਰਾਜਾ ਰਣਜੀਤ ਸਿੰਘ ਕਿਥੋਂ ਦੇ ਰਾਜਾ ਸਨ? ਉਨ੍ਹਾਂ ਨੇ ਆਪਣੀ ਫ਼ੌਜ ਨੂੰ ਲੋਕ ਭਲਾਈ ਦੇ ਮੰਤਵ ਲਈ ਕੀ ਹੁਕਮ ਦਿੱਤਾ ਹੋਇਆ ਸੀ?

**ਪ੍ਰ.10.** ਹੇਠ ਲਿਖੇ ਵਿਸ਼ਿਆਂ ਵਿੱਚੋਂ **ਕਿਸੇ ਇੱਕ** ਵਿਸ਼ੇ ਉੱਤੇ **ਪੱਤਰ** ਲਿਖੋ— (6X1)**6**

ਕਿਸੇ ਪੁਸਤਕ ਵਿਕ੍ਰੇਤਾ ਨੂੰ ਕਿਤਾਬਾਂ ਮੰਗਵਾਉਣ ਲਈ ਪੱਤਰ ਲਿਖੋ।

**ਜਾਂ**

ਸ਼ਹਿਰ ਵਿੱਚ ਵੱਧ ਰਹੀ ਗੁੰਡਾਗਰਦੀ ਬਾਰੇ ਪੰਜਾਬੀ ਅਖ਼ਬਾਰ ਦੇ ਸੰਪਾਦਕ ਨੂੰ ਚਿੱਠੀ ਲਿਖੋ।

**ਪ੍ਰ.11.** ਹੇਠ ਲਿਖੇ ਵਿਸ਼ਿਆਂ ਵਿੱਚੋਂ **ਕਿਸੇ ਇੱਕ** ਵਿਸ਼ੇ ਉੱਤੇ **125 ਤੋਂ 150 ਸ਼ਬਦਾਂ** ਵਿੱਚ **ਲੇਖ** ਲਿਖੋ— (6X1)**6**

ਪੁਸਤਕਾਂ ਦੀ ਦੁਨੀਆਂ

**ਜਾਂ**

ਅਨਪੜ੍ਹਤਾ ਕੌਮ ਲਈ ਸਰਾਪ

**ਪੰਜਾਬੀ—210**

**X (ਦਸਵੀਂ)**

**(ਨਵੰਬਰ 2023)**

# ਉੱਤਰ-ਕੁੰਜੀ

**M.M. 100**

**ਕੁੱਲ ਅੰਕ 100**

ਪ੍ਰ.1. (1X13) **13**

1. (**A**) ਨਾਂਵ
2. (**D**) ਪੰਜ
3. (**B**) ਲਿੰਗ
4. (**A**) ਪੁਲਿੰਗ
5. (**B**) ਇੱਕ ਵਚਨ
6. (**D**) ਬਹੁ ਵਚਨ
7. (**A**) ਕਾਰਕ
8. (4) ਅੱਠ
9. (**A**) ਸੰਬੰਧਕ
10. (**C**) ਵਿਚਕਾਰ
11. (**B**) ਖੁਸ਼ਕਿਸਮਤ, ਖੁਸ਼ਹਾਲ
12. (**A**) ਆਣੀ
13. **(C)** ਜਿਨ੍ਹਾਂ ਸ਼ਬਦਾਂ ਦੀ ਵਰਤੋਂ ਨਾਂਵ ਦੀ ਥਾਂ ਹੋਵੇ।
14. **(B)** ਛੇ
15. **(B)** ਉਹ ਸ਼ਬਦ, ਜੋ ਇਕੋ ਜਿਹੇ ਅਰਥ ਦਾ ਬੋਧ ਕਰਾਉਂਦੇ ਹੋਣ।
16. **(C)** ਮਤਲਬ ਕੱਢਣਾ
17. **(D)** ਵਿਦਰੋਹੀ ਹੋ ਜਾਣਾ

ਪ੍ਰ.2. (1X8) **8**

18. (**C**) ਸ਼ੇਖ ਫ਼ਰੀਦ
19. (**B**) ਮਾਟੀ ਕੁਦਮ ਕਰੇਂਦੀ ਯਾਰ
20. (**C**) ਸੰਸਾਰਕ ਵਸਤੂਆਂ ਦਾ ਮੋਹ
21. (**C**) ਰੁੱਖ
22. (**B**) 'ਸਿੰਮਲ ਰੁਖੁ ਸਰਾਇਰਾ'

23. (**B**) ਜੋਗੀ ਨਾਲ

24. (**B**) ਸ਼ਾਹ ਮੁਹੰਮਦ

25. (**C**) ਸਿੱਖ ਫੌਜਾਂ ਦੀ

**26.** (**B**) ਨਿਮਰਤਾ ਦਾ ਗੁਣ ਧੁਰ ਮਨ ਅੰਦਰ ਧਾਰਨ ਕਰਨਾ

**27.** (**D**) ਵਿਯੋਗ ਵਾਲੀ

**28.** (**D**) ਮਹਾਰਾਜਾ ਰਣਜੀਤ ਸਿੰਘ ਦੀ ਗ਼ੈਰਹਾਜਰੀ ਕਾਰਨ

**29.** (**C**) ਜਿੰਨ੍ਹਾਂ ਕੰਮਾਂ ਵਿੱਚ ਕੋਈ ਗੁਣ ਨਾ ਹੋਵੇ।

**30.** (**B**) ਕਿਉਂਕਿ, ਇਹਨਾਂ 'ਚੋਂ ਕਿਸੇ ਨੇ ਵੀ ਮਨੁੱਖ ਦਾ ਸਾਥੀ ਨਹੀਂ ਬਣਨਾ।

**ਪ੍ਰ.3.** (1X7) **7**

31. (**C**) ਘਰ ਦਾ ਪਿਆਰ ਨਹੀਂ ਮਿਲਿਆ ਹੋਣਾ

32. (**C**) ਉਪਕਾਰ ਦੀ

33. (**A**) ਵੱਟਿਆਂ

34. (**A**) ਅੱਖਾਂ ਦੀ

35. (**A**) ਵਾਤਾਵਰਣ ਨਾਲ

36. (**A**) ਘਰੇਲੂ ਔਰਤ

**37.** (**B**) ਘਰ ਵਿੱਚ

**38.** (**A**) ਪ੍ਰਿੰ. ਤੇਜਾ ਸਿੰਘ

**39.** (**D**) ਸੜੀਅਲ

40. (**C**) ਵਾਤਾਵਰਣ

41. (**B**) ਸ਼ਖਸ਼ੀਅਤ

**ਪ੍ਰ.4.** (1X6) **6**

42. (**C**) ਸਵਰਗ ਦੀ ਝਲਕ

43. (**D**) ਮੁੜ੍ਹਕਾ

44. (**D**) ਕਾਰ ਦੇ ਪੁਲੀ ਤੋਂ ਡਿੱਗਣ ਕਾਰਨ

45. (**B**) ਪੰਜ-ਛੇ

46. (**B**) ਦੋ

**47.** (**B**) ਰਿਕਸ਼ੇ ਦੇ ਅੱਗੇ ਪਸ਼ੂ ਦੀ ਥਾਂ ਆਦਮੀ ਜੁੜਦਾ ਸੀ

**48.** (**A**) ਭਾਈਚਾਰਕ ਸਾਂਝ ਬਾਰੇ

**49.** (**C**) ਸਰਦਾਰ ਦੇ ਜੁਆਈ ਦੀ

50. (**A**) ਦੋ

51. (**D**) ਸ਼ਰਨਾਰਥੀ

ਪ੍ਰ.5. (1X4) **4**

52. (**D**) ਈਸ਼ਵਰ ਚੰਦਰ ਨੰਦਾ
53. (**D**) ਮੋਟਰ ਵਾਲੇ ਸੇਠ ਨੇ
54. (**C**) ਮਿਸਤਰੀ ਦੀ ਸ਼ਿਕਾਇਤ ਬਾਰੇ
55. (**B**) ਦਸ ਰੁਪਏ
56. (**A**) ਪਤਨੀ
57. (**C**) ਡਿਪਰ

ਪ੍ਰ.6.

**1.** (1X6) **6**

58. (**C**) ਇਮਤਿਹਾਨ ਦੇਣ
59. (**B**) ਹਿਸਾਬ ਦਾ
60. (**A**) ਸਵਾਲ
61. (**B**) ਮਨ ਦੀ ਅਚੇਤ ਅਵਸਥਾ ਨੇ
62. (**A**) ਚਾਰ ਵਜੇ
63. (**C**) ਅਚੇਤ ਮਨ
64. (**B**) ਅਚੇਤ ਮਨ
65. (**C**) ਸਵੇਰੇ ਚਾਰ ਵਜੇ ਜਗਾ ਦੇਣਾ
66. (**C**) ਸੁਚੇਤ ਤੇ ਅਚੇਤ ਮਨ

**2.** (1X6) **6**

67. (**B**) ਨਿਊਟਨ
68. (**B**) ਆਰਮ ਸਟਰਾਂਗ
69. (**C**) ਨਿਊਟਨ
70. (**B**) ਦਰਿਆ
71. (**B**) ਹਿਮਾਲਿਆ
72. (**C**) ਗੁਫ਼ਾ
73. (**D**) ਬਣਮਾਨਸ
74. (**C**) ਗਿਆਨ
75. (**C**) ਬੇ-ਇੰਤਹਾ ਤਰੱਕੀ

**ਪ੍ਰ.7.** (2X10)**20**

(1) ਗੁਰਮੁਖੀ ਲਿਪੀ ਵਿੱਚ ਦੱਸ ਲਗਾਂਖਰ ਹਨ। ਗੁਰਮੁਖੀ ਲਿਪੀ ਵਿੱਚ ਵਿੱਚ ਕਿਸੇ ਧੁਨੀ ਉੱਤੇ ਜ਼ੋਰ ਪ੍ਰਗਟ ਕਰਨ ਲਈ ਅੱਧਕ ਲਗਾਖਰ ਦੀ ਵਰਤੋਂ ਕੀਤੀ ਜਾਂਦੀ ਹੈ।

(2) ਨਾਂਵ ਪੰਜ ਤਰ੍ਹਾਂ ਦੇ ਹੁੰਦੇ ਹਨ ਜਿਨ੍ਹਾਂ ਸ਼ਬਦਾਂ ਤੋਂ ਤੋਲਣ, ਮਿਣਨ ਜਾਂ ਮਾਪੀਆਂ ਜਾਣ ਵਾਲੀਆਂ ਵਸਤੂਆਂ ਦਾ ਗਿਆਨ ਹੋਏ, ਉਹ ਵਸਤੂ ਵਾਚਕ ਨਾਂਵ ਦੀ ਸ਼੍ਰੇਣੀ ਵਿੱਚ ਆਉਂਦੇ ਹਨ?

(3) ਸਿਰ ਤੇ ਹੱਥ ਰੱਖਣਾ। ਮੋਹਨ ਦੀ ਮੌਤ ਤੋਂ ਬਾਅਦ ਰਣਜੀਤ ਨੇ ਸਵੀਟੀ ਨਾਲ ਵਿਆਹ ਕਰਾ ਕੇ ਉਸ ਨੂੰ ਆਸਰਾ ਦਿੱਤਾ।

(4) ਸਿਆਲ, ਪਾਲਾ।

(5) ਦੁਬਿੰਦੀ ਡੈਸ਼ (:—) ਡੰਡੀ (।)

(6) ਸ਼ਿਵਕੁਮਾਰ ਬਟਾਲਵੀ। ਸਾਵੀ/ਇਕੋ ਜਿਹੀ।

(7) ਪਿੰਡ ਜਾਣ ਸਮੇਂ ਧੀਆਂ ਘਰ ਦੀ ਹਿਫ਼ਾਜ਼ਤ ਬਾਰੇ ਆਪਣੇ ਪਿਤਾ ਨੂੰ ਤਾਕੀਦ ਕਰਦੀਆਂ ਹਨ ਕਿ ਘਰ ਦਾ ਧਿਆਨ ਰੱਖਣਾ।

(8) ਸਫ਼ਲ ਹੋਣ ਲਈ ਭਾਈ ਵੀਰ ਸਿੰਘ ਜੀ ਨੇ ਸਮੇਂ ਦੀ ਕਦਰ ਕਰਨ ਦਾ ਸੰਦੇਸ਼ ਦਿੱਤਾ ਹੈ।

(9) ਮਹਾਰਾਜਾ ਰਣਜੀਤ ਸਿੰਘ ਦਾ ਸੁਭਾਅ ਦਿਆਲੂ ਅਤੇ ਸਹਿਣਸੀਲ।

(10) ਕੰਪਿਊਟਰ ਦੇ ਕੋਈ ਚਾਰ ਅੰਗ ਮਾਨੀਟਰ, ਕੀ-ਬੋਰਡ, ਮਾਊਸ, ਪ੍ਰੋਸੈਸਰ।

(11) ਟਿਕਟ ਚੈਕਰ ਵੱਲੋਂ ਡਾਕਟਰ ਪਾਲੀ ਦੀ ਟਿਕਟ ਚੈਕ ਕਰਨ ਵੇਲੇ ਜੀਤ ਨੇ ਇਹ ਕਿਹਾ ਕਿ ਇਹ ਬੀਬੀ ਮੇਰੀ ਭੈਣ ਹੈ। ਇਸ ਦੀ ਟਿਕਟ ਮੇਰੇ ਕੋਲ ਹੈ।

(12) ਪਿੰਡ ਦੇ ਬੰਦੇ ਨੂੰ ਮਿਲਣ ਪਿੱਛੋਂ ਨੰਦੂ ਆਪਣੇ ਮਾਤਾ-ਪਿਤਾ ਤੇ ਘਰ ਪਰਿਵਾਰ ਨੂੰ ਯਾਦ ਕਰਕੇ ਉਦਾਸ ਰਹਿਣ ਲੱਗ ਪਿਆ। ਉਹ 8-9 ਸਾਲ ਦੀ ਉਮਰ ਵਿੱਚ ਦਿੱਲੀ ਆ ਗਿਆ ਸੀ।

(13) ਕੰਪਿਊਟਰ, ਸਿਹਤ ਦੇ ਖੇਤਰ ਵਿੱਚ ਓਪਰੇਸ਼ਨ ਕਰਕੇ, ਵੱਖ-ਵੱਖ ਤਰ੍ਹਾਂ ਦੇ ਟੈੱਸਟ ਕਰਕੇ ਆਪਣਾ ਯੋਗਦਾਨ ਦੇ ਰਿਹਾ ਹੈ।

(14) ਬਸ ਕੰਡਕਟਰ ਕਹਾਣੀ ਦੀ ਲੇਖਕ ਦਲੀਪ ਕੌਰ ਟਿਵਾਣਾ ਹੈ। ਇਸ ਕਹਾਣੀ ਦਾ ਮੁੱਖ ਪਾਤਰ ਜੀਤ ਬਸ ਵਿੱਚ ਡਾ. ਪਾਲੀ ਦਾ ਧਿਆਨ ਉਸ ਲਈ ਸੀਟ ਰੱਖਕੇ ਰੱਖਦਾ ਹੈ।

(15) ਬੀਮਾ ਕੰਪਨੀ ਦਾ ਮੈਨੇਜਰ ਵਰਕਸ਼ਾਪ ਦੇ ਮੈਨੇਜਰ ਕੋਲ ਬਿਲਾਂ ਦੀ ਜਾਂਚ ਲਈ ਆਇਆ ਸੀ।

**ਪ੍ਰ.8.** (3X2)**6**

(1) 'ਨਿੱਕੇ-ਨਿੱਕੇ ਡਰ' ਕਵਿਤਾ ਦੀ ਭਾਸ਼ਾ ਇਕੋ ਵੇਲੇ ਮੋਹ ਤੇ ਡਰ ਦੇ ਭਾਵਾਂ ਨੂੰ ਪੇਸ਼ ਕਰਦੀ ਹੈ। ਇਹ ਕਵਿਤਾ ਬੇਸ਼ਕ ਇੱਕ ਖੁੱਲ੍ਹੀ ਕਵਿਤਾ ਹੈ, ਪਰ ਲੇਖਖ ਨੇ ਇਸ ਵਿੱਚ ਨਿੱਕੇ-ਨਿੱਕੇ ਤੁਕਾਂਤ ਸਿਰਜ ਕੇ, ਇਸ ਵਿੱਚ ਇਕ ਲੈਅ ਤੇ ਸੰਗੀਤਕਤਾ ਪੈਦਾ ਕੀਤੀ ਹੈ।

(2) ਜਿਹੜੇ ਸ਼ਬਦਾਂ ਦਾ ਅਰਥ ਨਿਕਲਦਾ ਹੈ। ਵਿਆਕਰਨ ਵਿੱਚ ਸਾਰਥਕ ਸ਼ਬਦਾਂ ਨੂੰ ਦੋ ਸ਼੍ਰੇਣੀਆਂ ਵਿੱਚ ਵੰਡਿਆ ਗਿਆ ਹੈ। ਸਾਰਥਕ ਅਤੇ ਨਿਰਾਰਥਕ ਸ਼ਬਦ।

(3) ਭਗਤ ਸਿੰਘ ਸ਼ੁਰੂ ਤੋਂ ਅਗਾਂਹਵਧੂ ਵਿਚਾਰਾਂ ਦਾ ਧਾਰਣੀ ਸੀ। 13 ਅਪ੍ਰੈਲ 1919 ਨੂੰ ਜਲ੍ਹਿਆਂ ਵਾਲੇ ਬਾਗ ਦਾ ਦੁਖਾਂਤਕ

ਕਾਂਡ ਦੀ ਘਟਨਾ ਨੇ ਭਗਤ ਸਿੰਘ ਨੂੰ ਝੰਜੋੜ ਕੇ ਰੱਖ ਦਿੱਤਾ। ਇਸ ਘਟਨਾ ਨੇ ਉਸ ਦਾ ਮਨ ਬਦਲ ਦਿੱਤਾ।

**ਪ੍ਰ.9.** (4X3)**12**

(1) ਨਾਂਵ ਜਾਂ ਪੜਨਾਂਵ ਦੇ ਜਿਨ੍ਹਾਂ ਰੂਪਾਂ ਰਾਹੀਂ ਇਹ ਪਤਾ ਲੱਗੇ ਕਿ ਉਸ ਨਾਂਵ ਜਾਂ ਪੜਨਾਂਵ ਦਾ ਆਪਸ ਵਿੱਚ ਜਾਂ ਵਾਕ ਦੇ ਹੋਰਨਾਂ ਸ਼ਬਦਾਂ ਨਾਲ ਕੀ ਸੰਬੰਧ ਹੈ। ਉਨ੍ਹਾਂ ਨੂੰ ਕਾਰਕ ਕਹਿੰਦੇ ਹਨ। ਕਾਰਕ ਅੱਠ ਪ੍ਰਕਾਰ ਦੇ ਹੁੰਦੇ ਹਨ। 1. ਕਰਤਾ ਕਾਰਕ 2. ਕਰਮ ਕਾਰਕ 3. ਕਰਨ ਕਾਰਕ 4. ਸੰਪਰਦਾਨ ਕਾਰਕ 5. ਅਪਾਦਾਨ ਕਾਰਕ 6. ਸੰਬੰਧ ਕਾਰਕ 7. ਅਧਿਕਰਨ ਕਾਰਕ 8. ਸੰਬੋਧਨ ਕਾਰਕ

(2) ਸਮਾਂ ਕਵਿਤਾ ਰਾਹੀਂ ਭਾਈ ਵੀਰ ਸਿੰਘ ਜੀ ਇਹ ਸੁਨੇਹਾ ਦੇ ਰਹੇ ਹਨ ਕਿ ਸਾਨੂੰ ਸਮੇਂ ਦੀ ਕਦਰ ਕਰਨੀ ਚਾਹੀਦੀ ਹੈ। ਸਮੇਂ ਦੀ ਸੰਭਾਲ ਕਰਨੀ ਚਾਹੀਦੀ ਹੈ। ਸਮਾਂ ਕਿਸੇ ਦਾ ਇੰਤਜ਼ਾਰ ਨਹੀਂ ਕਰਦਾ। ਵਰਤਮਾਨ ਸਮੇਂ ਦੀ ਸੰਭਾਲ ਕੀਤੀ ਜਾਵੇ ਕਿਉਂਕਿ ਜੋ ਵਰਤਮਾਨ ਸਮੇਂ ਦੀ ਸੰਭਾਲ ਕਰਦਾ ਹੈ ਉਹ ਹੀ ਸਫ਼ਲਤਾ ਪ੍ਰਾਪਤ ਕਰਦਾ ਹੈ।

(3) ਜਲ੍ਹਿਆਂ ਵਾਲਾ ਬਾਗ ਅੰਮ੍ਰਿਤਸਰ ਸ਼ਹਿਰ ਵਿੱਚ ਹੈ। 13 ਅਪ੍ਰੈਲ 1919 ਨੂੰ ਮਾਈਕਲ ਓਡਵਾਈਰ ਨੇ ਨਿਹੱਥੇ ਭਾਰਤੀਆਂ ਤੇ ਗੋਲੀ ਚਲਾ ਕੇ ਉਹਨਾਂ ਨੂੰ ਮਾਰ ਦਿੱਤਾ। ਇਸ ਘਟਨਾ ਨੇ ਭਗਤ ਸਿੰਘ ਦੇ ਜੀਵਨ ਤੇ ਬਹੁਤ ਅਸਰ ਪਾਇਆ।

(4) ਬਸੰਤ ਰਾਮ ਹਾਲਾਤ ਦਾ ਸ਼ਿਕਾਰ ਪਾਤਰ ਹੈ। ਉਹ ਗ਼ਰੀਬ ਹੈ। ਉਸ ਕੋਲ ਆਪਣੀ ਬੀਮਾਰ ਪਤਨੀ ਦਾ ਇਲਾਜ ਕਰਾਉਣ ਲਈ ਵੀ ਪੈਸੇ ਨਹੀਂ ਹਨ। ਮਜ਼ਬੂਰੀ ਵੱਸ ਉਹ ਗੱਡੀਆਂ ਵਾਲਿਆਂ ਤੋਂ ਵਾਧੂ ਪੈਸੇ ਦੀ ਮੰਗ ਕਰਦਾ ਹੈ। ਮੋਟਰ ਵਾਲੇ ਪਾਤਰ ਕੋਲੋਂ ਵੀ ਉਸ ਦੀ ਗੱਡੀ ਦੀ ਹੈੱਡ ਲਾਈਟ ਦਾ ਡਿੱਪਰ ਠੀਕ ਕਰਨ ਬਦਲੇ ਹੋਰ ਪੈਸੇ ਮੰਗਦਾ ਹੈ। ਉਹ ਪੁਰਾਣੇ ਡਿੱਪਰ ਦੀ ਮੁਰੰਮਤ ਕਰਕੇ, ਉਸ ਨੂੰ ਲਿਸ਼ਕਾ ਕੇ ਦੁਬਾਰਾ ਫਿੱਟ ਕਰ ਦਿੰਦਾ ਹੈ। ਮੋਟਰ ਵਾਲਾ ਉਸ ਦੀ ਇਸ ਹਰਕਤ ਦੀ ਸ਼ਿਕਾਇਤ ਵਰਕਸ਼ਾਪ ਦੇ ਮੈਨੇਜਰ ਕੋਲ ਕਰ ਦਿੰਦਾ ਹੈ। ਮੈਨੇਜਰ ਵਰਕਸ਼ਾਪ ਨੂੰ ਬਦਨਾਮੀ ਤੋਂ ਬਚਾਉਣ ਦੀ ਆੜ 'ਚ ਪੜਤਾਲ ਸ਼ੁਰੂ ਕਰ ਦਿੰਦਾ ਹੈ। ਉਹ ਹਰਬੰਸ ਮਿਸਤਰੀ ਦੀ ਮਦਦ ਨਾਲ ਡਿੱਪਰ ਖੁਲ੍ਹਵਾ ਕੇ ਵੇਖਦਾ ਹੈ। ਡਿੱਪਰ ਦੀ ਚਮਕ-ਦਮਕ ਵੇਖ ਕੇ ਉਹ ਇਸ ਦੇ ਪੁਰਾਣਾ ਹੋਣ ਦੀ ਪੁਸ਼ਟੀ ਕਰ ਦਿੰਦਾ ਹੈ। ਮੋਟਰ ਵਾਲੇ ਵੱਲੋਂ ਅੱਗੇ ਤੋਂ ਵਰਕਸ਼ਾਪ ਨਾ ਆਉਣ ਦੀ ਧਮਕੀ ਸਾਮ੍ਹਣੇ ਝੁੱਕ ਕੇ, ਉਹ ਬਸੰਤ ਰਾਮ ਨੂੰ ਬਰਖ਼ਾਸਤ ਕਰ ਦੇਂਦਾ ਹੈ।

(5) ਮਹਾਰਾਜਾ ਰਣਜੀਤ ਸਿੰਘ ਏਸ਼ੀਆ ਦਾ ਸਭ ਤੋਂ ਸ਼ਕਤੀਸ਼ਾਲੀ ਰਾਜਾ ਸੀ। ਉਨ੍ਹਾਂ ਨੇ ਆਪਣੀ ਫ਼ੌਜ ਨੂੰ ਹੁਕਮ ਦਿੱਤਾ ਹੋਇਆ ਸੀ ਕਿ ਜਦੋਂ ਵੀ ਕੋਈ ਨਵਾਂ ਨਗਰ ਜਾਂ ਪਿੰਡ ਜਿੱਤਿਆ ਜਾਵੇ ਤਾਂ ਉਥੋਂ ਦੇ ਕਿਸੇ ਵੀ ਧਰਮ ਅਸਥਾਨ ਜਾਂ ਧਾਰਮਕ ਗ੍ਰੰਥ ਦੀ ਬੇਅਦਬੀ ਨਾ ਕੀਤੀ ਜਾਵੇ ਅਤੇ ਨਾ ਹੀ ਨਗਰ ਵਿੱਚ ਲੁੱਟਮਾਰ ਕੀਤੀ ਜਾਵੇ। ਲੜਾਈ ਦੇ ਮੌਕੇ 'ਤੇ ਕਿਸੇ ਨਾਗਰਿਕ ਦੀ ਧੀ-ਭੈਣ ਦੀ ਬੇਪਤੀ ਕਰਨ ਦੀ ਵੀ ਸਖ਼ਤ ਮਨਾਹੀ ਸੀ।

**ਪ੍ਰ.10.** (6X1)**6**

ਮਿਤੀ...........

ਸੇਵਾ ਵਿਖੇ,

ਮੈਨੇਜਰ,
ਨੈਸ਼ਨਲ ਬੁੱਕ ਸ਼ਾਪ,
32-ਬੀ, ਪਲੀਅਰ ਗਾਰਡਨ ਮਾਰਕੀਟ,
ਚਾਂਦਨੀ ਚੌਕ-ਦਿੱਲੀ-6

ਸ਼੍ਰੀਮਾਨ ਜੀ,

ਮੈਨੂੰ ਹੇਠ ਲਿਖੀਆਂ ਪੁਸਤਕਾਂ ਦੀ ਲੋੜ ਹੈ। ਕ੍ਰਿਪਾ ਕਰਕੇ ਇਹ ਪੁਸਤਕਾਂ ਛੇਤੀ ਤੋਂ ਛੇਤੀ ਵੀ.ਪੀ.ਪੀ. ਰਾਹੀਂ ਭੇਜਣ ਦੀ ਕਿਰਪਾਲਤਾ ਕਰਨੀ ਜੀ। ਪੁਸਤਕਾਂ ਚੰਗੀ ਹਾਲਤ ਵਿੱਚ ਹੋਣ। ਕਿਸੇ ਪੁਸਤਕ ਦਾ ਕੋਈ ਸਫ਼ਾ ਖਰਾਬ ਨਾ ਹੋਵੇ। ਪੁਸਤਕਾਂ ਦੀ ਸੂਚੀ ਹੇਠ ਲਿਖੇ ਅਨੁਸਾਰ ਹੈ-

1. ਨੈਸ਼ਨਲ ਪੰਜਾਬੀ ਕੋਸ਼ 1 ਕਾਪੀ
2. ਜ਼ਰਦ ਪੱਤੇ 1 ਕਾਪੀ
3. ਪੰਜਾਬੀ ਵਿਆਕਰਨ 1 ਕਾਪੀ
4. ਘਰ ਦਾ ਪਿਆਰ 1 ਕਾਪੀ

ਉਮੀਦ ਹੈ ਤੁਸੀਂ ਪੁਸਤਕਾਂ ਉੱਤੇ ਵੱਧ ਤੋਂ ਵੱਧ ਛੋਟ ਦਿਓਗੇ ਜੀ। ਪੁਸਤਕਾਂ ਹੇਠ ਲਿਖੇ ਪਤੇ ਤੇ ਭੇਜ ਦੇਣਾ ਜੀ।

ਆਪ ਦਾ ਸ਼ੁੱਭਚਿੰਤਕ,
ਹਰਜੀਤ ਸਿੰਘ
311, ਫੀਲਡ ਗੰਜ, ਲੁਧਿਆਣਾ

ਜਾਂ

ਮਿਤੀ...........

ਸੇਵਾ ਵਿਖੇ,

ਸੰਪਾਦਕ ਸਾਹਿਬ ਜੀ,
ਰੋਜ਼ਾਨਾ ਅਜੀਤ
ਜਲੰਧਰ - ਪੰਜਾਬ

ਸ਼੍ਰੀਮਾਨ ਜੀ

ਮੈਂ ਆਪ ਜੀ ਦਾ ਧਿਆਨ ਸਾਡੀ ਕਲੋਨੀ ਗੀਤਾ ਕਾਲੋਨੀ ਵਿੱਚ ਵੱਧ ਰਹੀ ਗੁੰਡਾਗਰਦੀ ਵੱਲ ਦੁਆਉਣਾ ਚਾਹੁੰਦਾ ਹਾਂ। ਸਾਡੇ ਇਥੇ ਦਿਨ-ਦਿਹਾੜੇ ਲੋਕਾਂ ਦੇ ਗਲੇ ਦੀ ਚੈਨੀਆਂ ਤੋੜੀਆਂ ਜਾ ਰਹੀਆਂ ਹਨ। ਰੋਜਾਨਾਂ ਕਿਸੇ ਨਾ ਕਿਸੇ ਘਰ ਵਿੱਚ ਚੋਰੀ ਦੀ ਵਾਰਦਾਤ ਹੋ ਰਹੀ ਹੈ। ਘਰਾਂ ਵਿੱਚ ਰਹਿਣ ਵਾਲੇ ਲੋਕ ਆਪਣੇ ਆਪ ਨੂੰ ਸੁਰੱਖਿਅਤ ਮਹਿਸੂਸ ਨਹੀਂ ਕਰਦੇ ਹਨ।

ਇਸ ਲਈ ਆਪ ਜੀ ਨੂੰ ਸਨਿਮਰ ਬੇਨਤੀ ਹੈ ਕਿ ਇਸ ਬਾਬਤ ਅਖ਼ਬਾਰ ਵਿੱਚ ਖ਼ਬਰ ਲਾਓ ਤਾਂ ਕਿ ਪੁਲਿਸ ਵਿਭਾਗ ਇਲਾਕੇ ਵਿੱਚ ਗਸ਼ਤ ਵਧਾ ਸਕੇ।

ਧੰਨਵਾਦ ਸਹਿਤ

ਆਪ ਜੀ ਦਾ ਸ਼ੁੱਭਚਿੰਤਕ,
ਹਰਨੇਕ ਸਿੰਘ
ਗੀਤਾ ਕਾਲੋਨੀ

ਪ੍ਰ.11. (6X1)**6**

ਪੁਸਤਕਾਂ ਦੀ ਦੁਨੀਆਂ

ਨੁਕਤੇ — ਭੂਮਿਕਾ................ਪੁਸਤਕਾਂ ਲਿਖਣ ਦਾ ਕਿੱਤਾ................ਛਾਪੇਖਾਨੇ ਦੀ ਕਾਢ ਕਾਰਨ ਪੁਸਤਕ-ਜਗਤ ਵਿੱਚ ਕ੍ਰਾਂਤੀ...............ਵੱਖ-ਵੱਖ ਵਿਧਾਵਾਂ ਵਿੱਚ ਪੁਸਤਕਾਂ ਲਿਖਣਾ.......................ਗਿਆਨ ਦਾ ਸੋਮਾ.................ਉੱਤਮ ਪੁਸਤਕਾਂ ਤੋਂ ਪ੍ਰੇਰਨਾ.................ਚੰਗੀਆਂ-ਮੰਦੀਆਂ ਪੁਸਤਕਾਂ ਵਿੱਚ ਫ਼ਰਕ........................ਸਿੱਟਾ

**ਜਾਂ**

ਅਨਪੜ੍ਹਤਾ ਕੌਮ ਲਈ ਸਰਾਪ

ਨੁਕਤੇ — ਭੂਮਿਕਾ................ਭਾਰਤ ਅਤੇ ਵਿੱਦਿਆ..............ਇਸ ਦੇ ਨੁਕਸਾਨ...............ਪਿਛਾਂਹ-ਖਿੱਚੂ ਤੇ ਅਵਿਗਿਆਨਕ ਸੂਝ.............ਅਨਪੜ੍ਹਤਾ ਦੂਰ ਕਰਨ ਲਈ ਸੁਝਾਅ...................................ਸਿੱਟਾ